# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times — 05 ਦਸੰਬਰ 2023 ਦਿਨ ਮੰਗਲਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਤਲਵਿੰਦਰ ਸਿੰਘ ਬੁੱਟਰ ਜਥੇਦਾਰ ਅਕਾਲ ਤਖਤ ਦੇ ਮੀਡੀਆ ਸਲਾਹਕਾਰ ਨਿਯੁਕਤ



ਵਰਲਡ ਪੰਜਾਬੀ ਟਾਈਮਜ਼

ਅੰਮ੍ਰਿਤਸਰ, 5 ਦਸੰਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਥਕ ਲੇਖਕ ਤੇ ਪੱਤਰਕਾਰ ਤਲਵਿੰਦਰ ਸਿੰਘ ਬੁੱਟਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

## ਯੂਕੇ ਦੇ ਪ੍ਰਧਾਨ ਮੰਤਰੀ ਨੇ ਇਮੀਗ੍ਰੇਸ਼ਨ ਦਰ ਵਿੱਚ ਕਟੌਤੀ ਲਈ ਪਾਬੰਦੀਆਂ ਦਾ ਐਲਾਨ ਕੀਤਾ, ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪਰਿਵਾਰ ਲਿਆਉਣ 'ਤੇ ਪਾਬੰਦੀ ਲਗਾਈ



ਵਰਲਡ ਪੰਜਾਬੀ ਟਾਈਮਜ਼

ਲੰਡਨ [ਯੂਕੇ], 5 ਦਸੰਬਰ : ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਨੂੰ ਦੇਸ਼ ਵਿੱਚ ਵੱਧ ਰਹੇ ਇਮੀਗ੍ਰੇਸ਼ਨ ਨੂੰ ਰੋਕਣ ਲਈ ਕਈ ਨਵੇਂ ਕਦਮਾਂ ਦੀ ਐਲਾਨ ਕੀਤਾ।

ਸੁਨਕ ਨੇ ਨਵੇਂ ਉਪਾਵਾਂ ਨੂੰ ਇਮੀਗ੍ਰੇਸ਼ਨ ਦਰ ਨੂੰ ਹੇਠਾਂ ਲਿਆਉਣ ਲਈ ਸਰਕਾਰ ਦੀ 'ਰੈਡੀਕਲ ਐਕਸ਼ਨ' ਦੱਸਿਆ, ਇਹ ਕਦਮ ਇਹ ਯਕੀਨੀ ਬਣਾਉਣਗੇ ਕਿ ਇਮੀਗ੍ਰੇਸ਼ਨ ਯੂਕੇ ਨੂੰ ਲਾਭ ਪਹੁੰਚਾਏ।

ਨਵੇਂ ਉਪਾਵਾਂ ਦੇ ਹਿੱਸੇ ਵਜੋਂ, ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੇ ਪਰਿਵਾਰਾਂ ਨੂੰ ਯੂਕੇ ਲਿਆਉਣ ਤੋਂ ਰੋਕ ਦੇਵੇਗੀ ਜਦੋਂ ਤੱਕ ਉਹ ਪੋਸਟ ਗ੍ਰੈਜੂਏਟ ਖੋਜ ਡਿਗਰੀਆਂ ਦਾ ਪਿੱਛਾ ਨਹੀਂ ਕਰ ਰਹੇ ਹਨ ਅਤੇ ਘੱਟੋ ਘੱਟ ਤਨਖਾਹ ਵਿੱਚ ਵਾਧਾ ਨਹੀਂ ਕਰ ਰਹੇ ਹਨ ਜੋ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਦੇਸ਼ ਵਿੱਚ ਕੰਮ ਕਰਨ ਲਈ ਵੀਜ਼ਾ ਪ੍ਰਾਪਤ ਕਰਨ ਦੀ ਲੋੜ ਹੋਵੇਗੀ।

ਐਕਸ ਨੂੰ ਲੈ ਕੇ, ਪੀਐਮ ਸੁਨਕ ਨੇ ਕਿਹਾ, "ਇਮੀਗ੍ਰੇਸ਼ਨ ਬਹੁਤ ਜ਼ਿਆਦਾ ਹੈ। ਅੱਜ ਅਸੀਂ ਇਸਨੂੰ ਹੇਠਾਂ ਲਿਆਉਣ ਲਈ ਕੱਟੜਪੰਥੀ ਕਾਰਵਾਈ ਕਰ ਰਹੇ ਹਾਂ। ਇਹ ਕਦਮ ਇਹ ਯਕੀਨੀ ਬਣਾਉਣਗੇ ਕਿ ਇਮੀਗ੍ਰੇਸ਼ਨ ਹਮੇਸ਼ਾ ਯੂਕੇ ਨੂੰ ਲਾਭ ਪਹੁੰਚਾਉਂਦੀ ਹੈ।"

ਉਸਨੇ ਪੋਸਟ ਕੀਤਾ, "ਇਮੀਗ੍ਰੇਸ਼ਨ ਐਕਸ਼ਨ, ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਪਰਿਵਾਰਾਂ ਨੂੰ ਯੂਕੇ ਵਿੱਚ ਲਿਆਉਣ 'ਤੇ ਪਾਬੰਦੀ ਲਗਾਉਣਾ, ਜਦੋਂ ਤੱਕ ਉਹ ਪੋਸਟ ਗ੍ਰੈਜੂਏਟ ਖੋਜ ਡਿਗਰੀਆਂ 'ਤੇ ਨਹੀਂ ਹਨ, ਬ੍ਰਿਟਿਸ਼ ਕਰਮਚਾਰੀਆਂ ਨੂੰ ਘੱਟ ਕਰਨ ਵਾਲੇ ਇਮੀਗ੍ਰੇਸ਼ਨ ਨੂੰ ਰੋਕਣਾ, ਘਾਟ ਵਾਲੇ ਕਿੱਤਿਆਂ ਲਈ ਪੇਸ਼ ਕੀਤੀ ਜਾਂਦੀ 20% ਤਨਖਾਹ ਦੀ ਛੋਟ ਨੂੰ ਖਤਮ ਕਰਨਾ।"

ਸੀਐਨਐਨ ਨੇ ਮਈ ਵਿੱਚ ਰਿਪੋਰਟ ਕੀਤੀ, ਬ੍ਰਿਟੇਨ ਵਿੱਚ ਸ਼ੁੱਧ ਪ੍ਰਵਾਸ ਪਿਛਲੇ ਸਾਲ ਰਿਕਾਰਡ ਪੱਧਰ 'ਤੇ ਪਹੁੰਚ ਗਿਆ, ਅਧਿਕਾਰਤ ਅੰਕੜਿਆਂ ਨੇ ਦਿਖਾਇਆ, ਯੂਕੇ ਸਰਕਾਰ 'ਤੇ ਦਬਾਅ ਪਾਇਆ ਗਿਆ ਜਿਸ ਨੇ ਇਸ ਮੁੱਦੇ ਨੂੰ ਇੱਕ ਰਾਜਨੀਤਿਕ ਟੱਚਸਟੋਨ ਬਣਾ ਦਿੱਤਾ ਹੈ।

ਬ੍ਰਿਟੇਨ ਨੇ 2022 ਵਿੱਚ 606,000 ਲੋਕਾਂ ਦੀ ਸ਼ੁੱਧ ਪਰਵਾਸ ਦੇਖੀ, ਦਫਤਰ ਫਾਰ ਨੈਸ਼ਨਲ ਸਟੈਟਿਸਟਿਕਸ (ਓਐਨਐਸ) ਨੇ ਕਿਹਾ, 1.2 ਮਿਲੀਅਨ ਲੋਕ ਦੇਸ਼ ਵਿੱਚ ਪਹੁੰਚੇ ਅਤੇ ਲਗਭਗ ਅੱਧੀ ਗਿਣਤੀ ਛੱਡ ਗਈ।

ਸੀਐਨਐਨ ਨੇ ਰਿਪੋਰਟ ਦਿੱਤੀ ਕਿ ਲਗਾਤਾਰ ਕੰਜ਼ਰਵੇਟਿਵ ਸਰਕਾਰਾਂ ਦੁਆਰਾ ਯੂਕੇ ਜਾਣ ਵਾਲੇ ਲੋਕਾਂ ਦੀ ਸੰਖਿਆ ਨੂੰ ਬਹੁਤ ਘੱਟ ਕਰਨ ਦੇ ਵਾਅਦੇ ਦੇ ਬਾਵਜੂਦ, ਖਾਸ ਤੌਰ 'ਤੇ ਬ੍ਰੈਕਸਿਟ ਦੇ ਮੱਦੇਨਜ਼ਰ – ਇੱਕ ਵਿਗਾੜ ਜਿਸ ਨੂੰ ਇਸਦੇ ਸਮਰਥਕਾਂ ਦੁਆਰਾ ਬ੍ਰਿਟੇਨ ਲਈ ਆਪਣੀਆਂ ਸਰਹੱਦਾਂ ਦਾ "ਨਿਯੰਤਰਣ" ਕਰਨ ਲਈ ਇੱਕ ਜ਼ਰੂਰੀ ਕਦਮ ਮੰਨਿਆ ਗਿਆ ਸੀ। .

ਪਹੁੰਚਣ ਵਾਲੇ ਲੋਕਾਂ ਦੀ ਵੱਡੀ ਬਹੁਗਿਣਤੀ – 925,000 – ਗੈਰ-ਯੂਰਪੀ ਨਾਗਰਿਕ ਸਨ, ਅਤੇ ਉਨ੍ਹਾਂ ਵਿੱਚੋਂ ਲਗਭਗ 12 ਵਿੱਚੋਂ ਇੱਕ ਸ਼ਰਣ ਮੰਗਣ ਵਾਲੇ ਸਨ, ਜੋ ONS ਦੀ ਸਾਲਾਨਾ ਰਿਲੀਜ਼ ਵਿੱਚ ਪਹਿਲੀ ਵਾਰ ਸ਼ਾਮਲ ਕੀਤੇ ਗਏ ਸਨ।

ਸੀਐਨਐਨ ਦੇ ਅਨੁਸਾਰ, ਓਐਨਐਸ ਦੇ ਸੈਂਟਰ ਫਾਰ ਇੰਟਰਨੈਸ਼ਨਲ ਮਾਈਗ੍ਰੇਸ਼ਨ ਦੇ ਡਾਇਰੈਕਟਰ ਜੇ ਲਿੰਡੋਪ ਨੇ ਕਿਹਾ, "ਵਾਧੇ ਦੇ ਮੁੱਖ ਚਾਲਕ ਗੈਰ-ਯੂਰਪੀ ਦੇਸ਼ਾਂ ਤੋਂ ਕੰਮ, ਅਧਿਐਨ ਅਤੇ ਮਾਨਵਤਾਵਾਦੀ ਉਦੇਸ਼ਾਂ ਲਈ ਯੂਕੇ ਵਿੱਚ ਆਉਣ ਵਾਲੇ ਲੋਕ ਸਨ।"

ਯੂਕੇ ਇਮੀਗ੍ਰੇਸ਼ਨ ਸਟੈਟਿਸਟਿਕਸ ਦੇ ਅਨੁਸਾਰ, ਪਿਛਲੇ ਸਾਲ, ਭਾਰਤੀ ਨਾਗਰਿਕਾਂ ਨੂੰ ਸਭ ਤੋਂ ਵੱਧ ਯੂਕੇ ਅਧਿਐਨ, ਕੰਮ ਅਤੇ ਵਿਜ਼ਟਰ ਵੀਜ਼ੇ ਜਾਰੀ ਕੀਤੇ ਗਏ ਸਨ।

ਜੂਨ 2022 ਨੂੰ ਖਤਮ ਹੋਏ ਸਾਲ ਵਿੱਚ 258,000 ਤੋਂ ਵੱਧ ਭਾਰਤੀ ਨਾਗਰਿਕਾਂ ਨੇ ਵਿਜ਼ਿਟ ਵੀਜ਼ੇ ਪ੍ਰਾਪਤ ਕੀਤੇ – ਪਿਛਲੇ ਸਾਲ ਦੇ ਮੁਕਾਬਲੇ 630 ਪ੍ਰਤੀਸ਼ਤ ਵਾਧਾ (ਜਦੋਂ ਕੋਵਿਡ -19 ਮਹਾਂਮਾਰੀ ਦੇ ਕਾਰਨ ਯਾਤਰਾ ਪਾਬੰਦੀਆਂ ਅਜੇ ਵੀ ਲਾਗੂ ਸਨ),

## ਪ੍ਰਿੰਸੀਪਲ ਜੇ ਪੀ ਸਿੰਘ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦਾ ਚੇਅਰਮੈਨ ਲਾਏ



ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 5 ਦਸੰਬਰ :ਸਿੱਖਿਆ ਮਾਹਰ ਪ੍ਰਿੰਸੀਪਲ ਜੇ ਪੀ ਸਿੰਘ ਨੂੰ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਹ ਸਿੱਖਿਆ ਵਿਭਾਗ ਵਿਚ ਬਤੌਰ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਦੇ ਤੌਰ 'ਤੇ ਸਰਵਿਸ ਕਰਕੇ ਰਿਟਾਇਰ ਹੋਣ ਉਪਰੰਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸਨ। ਪਾਰਟੀ ਵਿਚ ਵੱਖ-ਵੱਖ ਆਉਦਿਆਂ 'ਤੇ ਕੰਮ ਕਰਨ ਉਪਰੰਤ ਇਹਨਾਂ ਨੂੰ ਐਕਸ ਇੰਪਲਾਈਜ਼ ਵਿੰਗ ਆਮ ਆਦਮੀ ਪਾਰਟੀ ਪੰਜਾਬ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਐਕਸ ਇੰਪਲਾਈਜ਼ ਵਿੰਗ ਦੇ ਸਟੇਟ ਵਾਈਸ ਪ੍ਰੈਸੀਡੈਂਟ ਬਚਿੱਤਰ ਸਿੰਘ, ਖੁਸ਼ਵਿੰਦਰ ਕਾਪਿਲਾ ਅਤੇ ਸਟੇਟ ਸੀਨੀਅਰ ਵਾਈਸ ਪ੍ਰੈਸੀਡੈਂਟ ਗੁਰਮੇਲ ਸਿੰਘ ਸਿੱਧੂ ਨੇ ਪ੍ਰਿੰਸੀਪਲ ਜੇ ਪੀ ਸਿੰਘ ਨੂੰ ਚੇਅਰਮੈਨ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਅਤੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਅਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਕੇ ਬਹੁਤ ਹੀ ਮਿਹਨਤੀ, ਇਮਾਨਦਾਰ, ਪਾਰਟੀ ਦੇ ਵਫਾਦਾਰ ਸਿਪਾਹੀ,ਪੜ੍ਹੇ ਲਿਖੇ ਬੇਦਾਗ਼ ਸਖ਼ਸ਼ੀਅਤ ਪ੍ਰਿੰਸੀਪਲ ਜੇ ਪੀ ਸਿੰਘ ਨੂੰ ਚੇਅਰਮੈਨ ਨਿਯੁਕਤ ਕੀਤਾ ਹੈ, ਇਸ ਨਾਲ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਮਾਣ ਵਧਿਆ ਹੈ। ਬਚਿੱਤਰ ਸਿੰਘ , ਗੁਰਮੇਲ ਸਿੰਘ ਸਿੱਧੂ ਅਤੇ ਖੁਸ਼ਵਿੰਦਰ ਕਾਪਿਲਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕੇ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਹੱਕੀ ਮੰਗਾਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ।

## ਸਾਬਕਾ ਵਿਧਾਇਕ ਤੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਸ: ਰਣਜੀਤ ਸਿੰਘ ਤਲਵੰਡੀ ਦਾ ਦੇਹਾਂਤ

### ਅੰਤਿਮ ਸੰਸਕਾਰ 6 ਦਸੰਬਰ ਦੁਪਹਿਰ ਤਿੰਨ ਵਜੇ ਹੋਵੇਗਾ।



ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 5 ਦਸੰਬਰ : ਸਾਬਕਾ ਵਿਧਾਇਕ ਤੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਫਾਉਂਡੇਸ਼ਨ ਬੱਸੀਆਂ ਰਾਏਕੋਟ ਦੇ ਪ੍ਰਧਾਨ ਸ: ਰਣਜੀਤ ਸਿੰਘ ਤਲਵੰਡੀ ਦਾ ਅੱਜ ਸ਼ਾਮੀਂ ਪੀ ਜੀ ਆਈ ਚੰਡੀਗੜ੍ਹ ਵਿਖੇ ਦੇਹਾਂਤ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਵੱਡੇ ਪੁੱਤਰ ਸ: ਰਣਜੀਤ ਸਿੰਘ ਤਲਵੰਡੀ ਲਗਪਗ 67 ਵਰ੍ਹਿਆਂ ਦੇ ਸਨ। ਆਪਣੇ ਇਕਲੌਤੇ ਪੁੱਤਰ ਦੀ ਸਮਕ ਹਾਦਸੇ ਵਿੱਚ ਮੌਤ ਤੋਂ ਬਾਦ ਉਹ ਮਾਨਸਿਕ ਤੌਰ ਤੇ ਬੇਹੱਦ ਡੋਲ ਗਏ ਸਨ ਪਰ ਉਨ੍ਹਾਂ ਦੇ ਸਮੂਹ ਪਰਿਵਾਰ ਨੇ ਉਨ੍ਹਾਂ ਨੂੰ ਬਹੁਤ ਸੰਤੁਲਨ ਚ ਰੱਖਿਆ। ਪਰਿਵਾਰਕ ਸੂਚਨਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਸਵੇਰੇ 11ਵਜੇ ਦਰਸ਼ਨਾਂ ਲਈ ਪਿੰਡ ਤਲਵੰਡੀ ਰਾਏ ਪੁੱਜ ਜਾਵੇਗੀ।

ਸ: ਰਣਜੀਤ ਸਿੰਘ ਤਲਵੰਡੀ ਦਾ ਅੰਤਿਮ ਸੰਸਕਾਰ ਕੱਲ੍ਹ 6ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਤਲਵੰਡੀ ਰਾਏ(ਨੇੜੇ ਰਾਏਕੋਟ) ਵਿਖੇ ਦੁਪਹਿਰ ਤਿੰਨ ਵਜੇ ਹੋਵੇਗਾ।

ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ ਬੱਸੀਆਂ ਰਾਏਕੋਟ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਰਣਜੀਤ ਸਿੰਘ ਦੇ ਜਾਣ ਨਾਲ ਮਨ ਨੂੰ ਭਾਰੀ ਠੇਸ ਲੱਗੀ ਹੈ ਕਿਉਂਕਿ ਪਿਛਲੇ ਲਗਪਗ ਤੀਹ ਸਾਲ ਉਸਨੇ ਮੈਨੂੰ ਵੱਡੇ ਭਰਾ ਵਾਲਾ ਮਾਣ ਦਿੱਤਾ। ਰਣਜੀਤ ਸਿੰਘ ਤਲਵੰਡੀ ਨਾਲ ਮਿਲ ਕੇ ਮਹਾਰਾਜਾ ਦਲੀਪ ਸਿੰਘ ਯਾਦਗਾਰੀ ਕੋਠੀ ਦਾ ਕਾਇਆ ਕਲਪ ਕਰਵਾਉਣਾ ਸਾਡੀ ਸਾਂਝੀ ਕੋਸ਼ਿਸ਼ ਦਾ ਫ਼ਲ ਸੀ। ਉਸ ਰਾਹੀਂ ਮਿਲੇ ਰਿਸ਼ਤੇ ਤੇ ਮਾਣ ਸਦਾ ਚੇਤਿਆਂ ਚ ਵੱਸੇ ਰਹਿਣਗੇ।

ਸ: ਰਣਜੀਤ ਸਿੰਘ ਤਲਵੰਡੀ ਦੇ ਵਿਛੋੜੇ ਦੀ ਖ਼ਬਰ ਸੁਣ ਕੇ ਸ: ਪਿਰਥੀਪਾਲ ਸਿੰਘ ਬਟਾਲਾ ਐੱਸ ਪੀ ਗੁਰਦਾਸਪੁਰ, ਅਮਨਦੀਪ ਸਿੰਘ ਗਿੱਲ, ਸਾਬਕਾ ਪ੍ਰਧਾਨ ਨਗਰ ਪਾਲਿਕਾ ਰਾਏਕੋਟ, ਸ: ਗੁਰਪ੍ਰੀਤ ਸਿੰਘ ਤੂਰ ਸਾਬਕਾ ਪੁਲੀਸ ਕਮਿਸ਼ਨਰ,ਪ੍ਰਭਜੋਤ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਜੱਟਪੁਰੀ ਜਨਰਲ ਸਕੱਤਰ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ, ਕੈਨੇਡਾ ਤੋਂ ਰਾਏ ਕੱਲ੍ਹਾ ਦੇ ਵਰਤਮਾਨ ਵਾਰਿਸ ਰਾਏ ਅਜ਼ੀਜ਼ ਉਲਾ ਖ਼ਾਨ, ਕੁਲਦੀਪ ਸਿੰਘ ਗਿੱਲ, ਅਮਰੀਕਾ ਤੋਂ ਇੰਦਰਜੀਤ ਸਿੰਘ ਝੱਜ ਨੇ ਵੀ ਪਰਿਵਾਰ ਨਾਲ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

## ਵਿਧਾਇਕ ਦਿਨੇਸ਼ ਚੱਢਾ ਨੇ ਘਰੇ ਬੁਲਾ ਕੇ ਕੀਤਾ ਨੰਨ੍ਹੀ ਕਰਾਟੇ ਚੈਂਪੀਅਨ ਕੋਹਿਨੂਰ ਦਾ ਸਨਮਾਨ



ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ

ਰੋਪੜ, 05 ਦਸੰਬਰ : ਪਿਛਲੇ ਹਫ਼ਤੇ ਹੋਈਆਂ 43ਵੀਆਂ ਪੰਜਾਬ ਅੰਤਰ ਜਿਲ੍ਹਾ ਪ੍ਰਾਇਮਰੀ ਖੇਡਾ 2023-24 ਵਿੱਚ ਕਾਂਸੇ ਦਾ ਤਮਗਾ ਜਿੱਤਣ ਵਾਲ਼ੀ ਰੋਪੜ ਦੀ ਨੰਨ੍ਹੀ ਧੀ ਰਾਣੀ ਕੋਹਿਨੂਰ ਕੌਰ (7 ਸਾਲ) ਨੂੰ ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਉਚੇਚੇ ਤੌਰ 'ਤੇ ਆਪਣੇ ਗ੍ਰਹਿ ਵਿਖੇ ਸੱਦ ਕੇ ਸਨਮਾਨਿਤ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਵਿੱਚੋਂ ਦੂਜੀ ਜਮਾਤ ਦੀ ਵਿਦਿਆਰਥਣ ਕੋਹਿਨੂਰ ਦੇ ਪਿਤਾ ਜੈਦੇਵ ਸਿੰਘ ਤੇ ਮਾਤਾ ਕੰਚਨ ਨੇ ਸ੍ਰੀ ਚੱਢਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਿਵੇਕਲੀਆਂ ਰਾਹਾਂ ਦੇ ਪਾਂਧੀ ਬੱਚਿਆਂ ਨੂੰ ਲੋਕ ਆਗੂਆਂ ਵੱਲੋਂ ਇਸ ਤਰ੍ਹਾਂ ਦੀਆਂ ਹੱਲਾਸ਼ੇਰੀਆਂ ਸਮਾਜ ਨੂੰ ਚੰਗੀ ਸੇਧ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੀਆਂ ਹਨ। ਉਨ੍ਹਾਂ ਹੋਰ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਬੱਚਿਆਂ ਦੇ ਚੰਗੇਰੇ ਭਵਿੱਖ ਅਤੇ ਨਰੋਈ ਸਿਹਤ ਲਈ ਉਹਨਾਂ ਨੂੰ ਵੱਧ ਤੋਂ ਵੱਧ ਕਸਰਤ, ਖੇਡਾਂ ਤੇ ਖੇਡ ਮੈਦਾਨਾਂ ਨਾਲ਼ ਜੋੜਨ। ਇਸ ਮੌਕੇ ਗੁਰਪ੍ਰੀਤ ਸਿੰਘ ਚੇਅਰਮੈਨ ਕੌਰ ਵੈੱਲਫੇਅਰ ਫਾਊਂਡੇਸ਼ਨ, ਅਮ੍ਰਿਤਪਾਲ ਸਿੰਘ ਪੱਪੀ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਰੋਪੜ ਅਤੇ ਮਿੱਕੀ ਸੋਨੀ ਹਾਜ਼ਰ ਸਨ।

## ਪੰਜਾਬ ਦੇ ਸ਼ੇਰ ਦੀ ਅਗਵਾਈ ਸੋਨੂੰ ਸੂਦ ਕਰਨਗੇ ਅਤੇ ਬੀਨੂੰ ਢਿੱਲੋਂ ਉਪ ਕਪਤਾਨ ਹੋਣਗੇ।

### ਫਾਈਨਲ ਵਿਸ਼ਾਖਾਪਟਨਮ ਵਿੱਚ ਖੇਡਿਆ ਜਾਵੇਗਾ।

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਚੰਡੀਗੜ੍ਹ, 5 ਦਸੰਬਰ : ਕ੍ਰਿਕੇਟ ਦੀ ਗਲੋਬਲ ਖੇਡ ਰਾਹੀਂ ਸਿਨੇ ਸਿਤਾਰਿਆਂ ਨੂੰ ਉਨ੍ਹਾਂ ਦੇ ਪ੍ਰਸ਼ੰਸਕਾਂ ਨਾਲ ਜੋੜਨ ਲਈ ਤਿਆਰ ਕੀਤੀ ਸੈਲੀਬ੍ਰਿਟੀ ਕ੍ਰਿਕੇਟ ਲੀਗ (ਸੀਸੀਐਲ) ਫਰਵਰੀ-ਮਾਰਚ 2024 ਵਿੱਚ ਇੰਟਰਨੈਸ਼ਨਲ ਟੱਚ ਦੇ ਨਾਲ ਵਾਪਸ ਆ ਰਹੀ ਹੈ, ਜਿਸ ਦ ਉਦਘਾਟਨ ਯੂਏਈ ਕੀਤਾ ਜਾਵੇਗਾ। ਦੇਸ਼ ਦੇ ਅੱਠ ਫਿਲਮ ਉਦਯੋਗਾਂ ਦੇ ਲਗਭਗ 200 ਸਿਨੇ ਸਿਤਾਰੇ ਆਪਣੇ ਕ੍ਰਿਕਟ ਹੁਨਰ ਦਾ ਪ੍ਰਦਰਸ਼ਨ ਕਰਨਗੇ।




ਇਥੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਦੌਰਾਨ, ਸੀਸੀਐਲ ਵਿੱਚ ਭਾਗ ਲੈਣ ਵਾਲੀ 'ਪੰਜਾਬ ਦੇ ਸ਼ੇਰ' ਟੀਮ ਦੇ ਸਹਿ-ਮਾਲਕ ਨਵਰਾਜ ਹੰਸ ਅਤੇ ਪੁਨੀਤ ਸਿੰਘ ਦੇ ਨਾਲ ਸੀਈਓ ਅਮਰਦੀਪ ਐਸ ਰੀਨ ਨੇ ਕਿਹਾ ਕਿ ਉਨ੍ਹਾਂ ਦੀ ਟੀਮ 2016 ਤੋਂ ਸੀਸੀਐਲ ਵਿੱਚ ਭਾਗ ਲੈ ਰਹੀ ਹੈ ਅਤੇ ਆਉਣ ਵਾਲੇ ਐਡੀਸ਼ਨ ਵਿੱਚ ਹਿੱਸਾ ਲੈਣ ਲਈ ਬਹੁਤ ਉਤਸ਼ਾਹਿਤ ਹੈ, ਇਹ ਲੀਗ 23 ਫਰਵਰੀ ਨੂੰ ਸ਼ਾਰਜਾਹ ਵਿੱਚ ਸ਼ੁਰੂ ਹੋਵੇਗਾ ਅਤੇ ਵਿਸ਼ਾਖਾਪਟਨਮ (ਵਾਇਜੈਗ) ਵਿੱਚ 17 ਮਾਰਚ ਨੂੰ ਸਮਾਪਤ ਹੋਵੇਗਾ। ਸਾਰੀਆਂ ਅੱਠ ਟੀਮਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਹੈ। ਗਰੁੱਪ ਬੀ ਵਿੱਚ ਪੰਜਾਬ ਦੇ ਸ਼ੇਰ ਦਾ ਸਾਹਮਣਾ ਕੇਰਲ ਸਟ੍ਰਾਈਕਰਜ਼, ਕਰਨਾਟਕ ਬੁਲਡੋਜ਼ਰਜ਼ ਅਤੇ ਭੋਜਪੁਰੀ ਦਬੰਗਾਂ ਨਾਲ ਹੋਵੇਗਾ। ਗਰੁੱਪ ਏ ਵਿੱਚ ਬੰਗਾਲ ਟਾਈਗਰਜ਼, ਚੇਨਈ ਰਾਈਨੋਜ਼, ਮੁੰਬਈ ਹੀਰੋਜ਼ ਅਤੇ ਤੇਲਗੂ ਵਾਰੀਅਰਜ਼ ਸ਼ਾਮਲ ਹਨ।

ਅਮਰਦੀਪ ਐਸ ਰੀਨ ਨੇ ਕਿਹਾ ਕਿ ਟੀਮ ਦੀ ਅਗਵਾਈ ਪ੍ਰਸਿੱਧ ਸਮਾਜ ਸੇਵੀ ਅਤੇ ਸਿਨੇ ਸਟਾਰ ਸੋਨੂੰ ਸੂਦ ਕਰਨਗੇ ਜਦਕਿ ਬੀਨੂੰ ਢਿੱਲੋਂ ਟੀਮ ਦੇ ਉਪ ਕਪਤਾਨ ਹੋਣਗੇ। ਟੀਮ ਦੇ ਹੋਰ ਮੈਂਬਰਾਂ ਵਿੱਚ ਪਾਲੀਵੁੱਡ ਸਟਾਰ ਗੁਰਪ੍ਰੀਤ ਘੁੱਗੀ, ਬੱਬਲ ਰਾਏ, ਨਿੰਜਾ, ਜੱਸੀ ਗਿੱਲ, ਹਾਰਡੀ ਸੰਧੂ, ਰਾਹੁਲ ਦੇਵ, ਅਪਾਰਸ਼ਕਤੀ ਖੁਰਾਣਾ, ਗੈਵੀ ਚਾਹਲ, ਯੁਵਰਾਜ ਹੰਸ, ਮਨਮੀਤ ਸਿੰਘ, ਹਰਮੀਤ ਸਿੰਘ, ਦੇਵ ਖਰੌੜ, ਬਲਰਾਜ ਸਿਆਲ, ਸੁਯਸ਼ ਰਾਏ ਸ਼ਾਮਲ ਹਨ। ਪੰਜਾਬ ਦੇ ਸ਼ੇਰ ਦਾ ਪਹਿਲਾ ਮੈਚ 25 ਫਰਵਰੀ ਨੂੰ ਸ਼ਾਰਜਾਹ ਵਿੱਚ ਚੇਨਈ ਰਾਈਨੋਜ਼ ਨਾਲ ਹੋਵੇਗਾ ਜਦਕਿ ਦੂਜਾ ਮੈਚ 1 ਮਾਰਚ ਨੂੰ ਹੈਦਰਾਬਾਦ ਵਿੱਚ ਤੇਲਗੂ ਵਾਰੀਅਰਜ਼ ਨਾਲ ਹੋਵੇਗਾ। ਅਗਲੇ ਦੋ ਮੈਚ ਚੰਡੀਗੜ੍ਹ ਦੇ ਸੈਕਟਰ 16 ਸਥਿਤ ਕ੍ਰਿਕਟ ਸਟੇਡੀਅਮ ਵਿੱਚ ਹੋਣਗੇ। ਪੰਜਾਬ ਦੇ ਸ਼ੇਰ ਆਪਣੇ ਤੀਜੇ ਮੈਚ ਵਿੱਚ 8 ਮਾਰਚ ਨੂੰ ਬੰਗਾਲ ਟਾਈਗਰਜ਼ ਨਾਲ ਭਿੜੇਗੀ ਅਤੇ ਆਖਰੀ ਲੀਗ ਮੈਚ 10 ਮਾਰਚ ਨੂੰ ਮੁੰਬਈ ਹੀਰੋਜ਼ ਨਾਲ ਖੇਡਿਆ ਜਾਵੇਗਾ। ਇਸ ਤੋਂ ਬਾਅਦ 15 ਅਤੇ 16 ਮਾਰਚ ਨੂੰ ਵਿਸ਼ਾਖਾਪਟਨਮ (ਵਾਇਜੈਗ) 'ਚ ਪਲੇਆਫ ਖੇਡਿਆ ਜਾਵੇਗਾ ਜਦਕਿ ਫਾਈਨਲ ਮੈਚ ਵੀ 17 ਮਾਰਚ ਨੂੰ ਇਸੇ ਮੈਦਾਨ 'ਤੇ ਖੇਡਿਆ ਜਾਵੇਗਾ।

ਸਾਰੇ ਮੈਚ ਮਲਟੀ-ਲਾਈਵ ਸਟ੍ਰੀਮਿੰਗ ਲਈ ਖੇਤਰੀ ਚੈਨਲਾਂ ਸਮੇਤ ਖੇਡਾਂ ਅਤੇ ਮਨੋਰੰਜਨ ਪ੍ਰਸਾਰਣ ਚੈਨਲਾਂ 'ਤੇ ਪ੍ਰਸਾਰਿਤ ਕੀਤਾ ਜਾਵੇਗਾ।

## ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਦਸੰਬਰ ਮਹੀਨੇ ਦੀ ਇਕੱਤਰਤਾ ਵਿੱਚ ਚੱਲਿਆ ਰਚਨਾਵਾਂ ਦਾ ਦੌਰ



ਵਰਲਡ ਪੰਜਾਬੀ ਟਾਈਮਜ਼ ਹਰਪ੍ਰੀਤ ਸਿੰਘ ਸਿਹੌੜਾ

ਪਾਇਲ/ਮਲੌਦ ,5 ਦਸੰਬਰ : ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਦਸੰਬਰ ਮਹੀਨੇ ਦੀ ਮਾਸਿਕ ਮੀਟਿੰਗ ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਦੇ ਆਰੰਭ ਵਿਚ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇਆਏ ਲੇਖਕਾਂ ਦਾ ਸਵਾਗਤ ਕੀਤਾ । ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਦਲਬੀਰ ਕਲੇਰ ਦੇ ਗੀਤ 'ਨੌਂਹ ਮਾਸ ਦਾ ਰਿਸ਼ਤਾ ਜੱਟ ਤੇ ਸੀਰੀ ਦਾ' ਤੋਂ ਹੋਈ । ਜ਼ੋਰਾਵਰ ਪੰਛੀ ਨੇ ਗ਼ਜ਼ਲ 'ਕਾਲ਼ਾ ਸ਼ਾਹ ਹਨੇਰਾ ਮੁੱਢੋਂ ਮੁਕਾ ਦੇਵਾਂਗਾਂ' ਕਹੀ। ਕਰਨੈਲ ਸਿਵੀਆ ਨੇ ਗੀਤ 'ਅੱਛਾ ਬਈ ਦੋਸਤੋ ਹੁਣ ਸਮਾਂ ਆ ਗਿਆ ਜਾਣ ਦਾ' । ਕਮਲਜੀਤ ਨੀਲੋਂ ਨੇ ਕਹਾਣੀ 'ਚੂ ਚੂ' ਤਰਨਵੀਰ ਤਰਨ ਨੇ ਗ਼ਜ਼ਲ 'ਨਹੀਂ ਖ਼ਬਰਾਂ ਤੈਨੂੰ ਕਿੰਨਾ ਪਿਆਰ ਕਰਦਾ ਹਾਂ' । ਸੁਰਿੰਦਰ ਰਾਮਪੁਰੀ ਨੇ ਸੁਰਜੀਤ ਰਾਮਪੁਰੀ ਦਾ ਸ਼ਬਦ ਚਿੱਤਰ 'ਦਰਦ ਕਹਾਣੀ ਰਾਤਾਂ ਦੀ' । ਜਗਦੇਵ ਜੱਗਾ ਨੇ ਕਵਿਤਾ 'ਬਾਬਾ ਨਾਨਕ'। ਵਿਸਵਿੰਦਰ ਨੇ ਕਵਿਤਾ 'ਖੇਡਾਂ' । ਗੁਰਦਿਆਲ ਦਲਾਲ ਨੇ ਨਾਟਕ 'ਪ੍ਰਤੀਬਿੰਬ ਦੇ ਰੂਬਰੂ' । ਬਲਵੰਤ ਮਾਂਗਟ ਨੇ ਗੀਤ 'ਮਨ ਦੇ ਕਿੰਨੇ ਰੰਗ ਵੇ ਸੱਜਣਾ'। ਅਨਿਲ ਫ਼ਤਹਿਗੜ੍ਹ ਜੱਟਾਂ ਨੇ ਗੀਤ 'ਰਾਤ ਬੀਤ ਗਈ ਹੋਏ ਉਜਾਲੇ' ਸੁਣਾਇਆ । ਇਨ੍ਹਾਂ ਰਚਨਾਵਾਂ 'ਤੇ ਸਿਮਰਨਦੀਪ ਕੌਰ, ਜਸਵੀਰ ਝੱਜ, ਨੀਤੂ ਰਾਮਪੁਰ, ਦਰਸ਼ਨ ਸਿੰਘ, ਨਵਤੇਜ ਸਿੰਘ ਮਾਂਗਟ, ਬੁੱਧ ਸਿੰਘ ਨੀਲੋਂ, ਪ੍ਰਭਜੋਤ ਰਾਮਪੁਰ ਨੇ ਉਸਾਰੂ ਸੁਝਾਅ ਦਿੱਤੇ । ਸਭਾ ਦੀ ਸਮਾਪਤੀ ਵੇਲ਼ੇ ਹਰਬੰਸ ਪਾਇਲਵੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਅੰਤ ਵਿੱਚ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਮੀਟਿੰਗ ਵਿਚ ਸ਼ਾਮਿਲ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਬਲਵੰਤ ਮਾਂਗਟ ਦੁਆਰਾ ਨਿਭਾਈ ਗਈ। ਸਭਾ ਦੀ ਕਾਰਵਾਈ ਦੌਰਾਨ ਪ੍ਰਬੰਧਕੀ ਕੰਮਾਂ ਨੂੰ ਤਰਨਵੀਰ ਅਤੇ ਪ੍ਰਭਜੋਤ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ।

## ਸਲਾਨਾ ਸਮਾਗਮ ਵਿਰਾਸਤ 1704 ਦਾ ਫਲੈਕਸ ਰਿਲੀਜ਼




ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 5 ਦਸੰਬਰ : ਚਾਰ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਸਮਾਗਮ ਵਿਰਾਸਤ-1704 ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਕੋਟਕਪੂਰਾ ਵਲੋਂ ਗੁਰਦੁਆਰਾ ਸਾਹਿਬ ਬਾਬਾ ਜੀਵਨ ਸਿੰਘ ਜੀ ਮੁਹੱਲਾ ਕਸ਼ਮੀਰੀਆਂ ਅਤੇ ਪਿੰਡ ਕੋਹਾਰਵਾਲਾ ਵਿਖੇ ਮਿਤੀ 25 ਦਸੰਬਰ ਨੂੰ ਮਨਾਇਆ ਜਾਵੇਗਾ, ਜਿਸ ਦਾ ਫਲੈਕਸ ਰਿਲੀਜ ਕਰਦਿਆਂ ਖੇਤਰ ਸਕੱਤਰ ਜਗਮੋਹਨ ਸਿੰਘ ਅਤੇ ਖੇਤਰ ਪ੍ਰਧਾਨ ਚਮਕੌਰ ਸਿੰਘ ਨੇ ਦੱਸਿਆ ਕਿ ਇਸ ਵਾਰ ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਖਾਲਸਾਈ ਡਰੈੱਸ ਅਤੇ ਰੰਗ ਭਰੋ ਮੁਕਾਬਲਾ ਨਰਸਰੀ ਤੋਂ ਦੂਜੀ, ਸੁੰਦਰ ਲਿਖਾਈ ਮੁਕਾਬਲਾ ਤੀਜੀ ਤੋਂ ਪੰਜਵੀਂ, ਕਵਿਤਾ ਉਚਾਰਨ ਮੁਕਾਬਲਾ ਛੇਵੀਂ ਤੋਂ ਅੱਠਵੀਂ ਅਤੇ ਕੁਇਜ ਮੁਕਾਬਲਾ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਕਰਵਾਇਆ ਜਾਵੇਗਾ। ਕੋਆਰਡੀਨੇਟਰ ਪਰਮਜੀਤ ਸਿੰਘ ਨੇ ਕਿਹਾ ਕਿ ਇਸਤਰੀ ਵਿੰਗ ਕੋਟਕਪੂਰਾ ਵਲੋਂ ਚਾਰ ਸਾਹਿਬਜਾਦਿਆਂ ਨੂੰ ਸਮਰਪਿਤ ਇਹ ਸਮਾਗਮ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ. ਅਵੀਨਿੰਦਰਪਾਲ ਸਿੰਘ, ਸ਼ਿਵਰਾਜ ਸਿੰਘ, ਨਵਨੀਤ ਸਿੰਘ, ਸਮਸ਼ੇਰ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਆਦਿ ਵੀ ਹਾਜਰ ਸਨ।

## ਪੈਨ ਇੰਡੀਆ ਮੁਹਿੰਮ ਤਹਿਤ ਬਾਲ ਮਜਦੂਰੀ ਦੀ ਰੋਕਥਾਮ ਸਬੰਧੀ ਕੀਤੀਅਚਨਚੇਤ ਚੈਕਿੰਗ

### ਸ਼ਹਿਰੋ ਬਾਹਰ ਚੱਲ ਰਹੇ ਕਈ ਢਾਬਿਆਂ ਦੇ ਮਾਲਕਾਂ ਵੱਲੋਂ ਅਜੇ ਵੀ ਬਾਲ ਮਜ਼ਦੂਰੀ ਕਰਵਾਏ ਜਾਣ ਦਾ ਖਦਸ਼ਾ



ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 5 ਦਸੰਬਰ : ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਹੁਕਮ ਅਨੁਸਾਰ ਸ਼ਹਿਰ ਚ ਪੈਨ ਇੰਡੀਆ ਮੁਹਿੰਮ ਤਹਿਤ ਬਾਲ ਮਜਦੂਰੀ ਦੀ ਰੋਕਥਾਮ ਅਤੇ ਬੱਚਿਆਂ ਦੇ ਪੁਨਰਵਾਸ ਲਈ ਰੈਸਕਿਊ ਸਬੰਧੀ ਅਚਨਚੇਤ ਚੈਕਿੰਗਾਂ ਕੀਤੀਆ ਗਈਆਂ। ਇਹ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਮੈਡਮ ਰਵਨੀਤ ਕੌਰ ਸਿੱਧੂ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਕੌਮੀ ਬਾਲ ਅਧਿਕਾਰ ਰੱਖਿਆ ਕਮਿਸ਼ਨ, ਭਾਰਤ ਸਰਕਾਰ ਵੱਲੋਂ 10 ਦਸੰਬਰ 2023 ਤੱਕ ਬਾਲ ਮਜਦੂਰੀ ਦੀ ਰੋਕਥਾਮ ਤੇ ਬੱਚਿਆਂ ਦੇ ਪੁਨਰਵਾਸ ਲਈ ਰੈਸਕਿਊ ਮੁਹਿੰਮ ਚਲਾਈ ਜਾ ਰਹੀ ਹੈ ਤੇ ਇਸ ਸਬੰਧੀ ਇੱਕ ਮਹੀਨੇ ਤੋਂ ਵੱਖ-ਵੱਖ ਥਾਵਾਂ ਦੇ ਬੱਚਿਆਂ ਦੇ ਰੈਸਕਿਊ ਸਬੰਧੀ ਰੇਡਜ਼ ਕੀਤੀ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਮੁੜ ਵਸੇਵੇ ਲਈ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਮੈਡਮ ਰਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਅੱਜ ਦੀ ਰੇਡਜ਼ ਸਥਾਨਕ ਕੱਪੜਾ ਮਾਰਕੀਟ ਵਿਖੇ ਕੀਤੀ ਗਈ ਅਤੇ ਇਸ ਸਮੇਂ 02 ਬੱਚੇ ਅਜਿਹੇ ਪਾਏ ਗਏ ਜੋ ਕਿ 18 ਸਾਲ ਤੋਂ ਘੱਟ ਉਮਰ ਦੇ ਸਨ ਅਤੇ ਬੱਚਿਆਂ ਨੂੰ ਬਾਲ ਭਲਾਈ ਕਮੇਟੀ, ਬਠਿੰਡਾ ਸਾਹਮਣੇ ਅਗਲੇਰੀ ਕਾਰਵਾਈ ਤਹਿਤ ਪੇਸ਼ ਕੀਤਾ ਗਿਆ ਤਾਂ ਜੋ ਬੱਚਿਆਂ ਦੀ ਕਾਊਂਸਲਿੰਗ ਤੇ ਉਨ੍ਹਾਂ ਦੇ ਮਾਪਿਆ ਦੀ ਕਾਊਂਸਲਿੰਗ ਕਰਨ ਉਪਰੰਤ ਉਨ੍ਹਾਂ ਨੂੰ ਮੁੜ ਤੋਂ ਸਿੱਖਿਆ ਨਾਲ ਜੋੜਿਆ ਜਾ ਸਕੇ।

ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਅਪੀਲ ਕਰਦਿਆਂ ਕਿਹਾ ਕਿ 18 ਸਾਲਾਂ ਤੋਂ ਘੱਟ ਬੱਚਿਆਂ ਅਤੇ ਕਿਸ਼ੋਰਾਂ ਨੂੰ ਬਾਲ ਮਜਦੂਰੀ ਨਾ ਕਰਵਾਈ ਜਾਵੇ ਤੇ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਿਆ ਜਾਵੇ।

ਇਸ ਮੌਕੇ ਲੇਬਰ ਇੰਸਪੈਕਟਰ ਸ਼੍ਰੀਮਤੀ ਇੰਦਰਪ੍ਰੀਤ ਕੌਰ, ਡਾ. ਰਵੀ ਕਾਂਤ, ਸ਼੍ਰੀ ਵਰਿੰਦਰ ਸਿੰਘ, ਸ਼੍ਰੀ ਚੇਤਨ ਸ਼ਰਮਾ, ਸ਼੍ਰੀ ਸੁਖਵੀਰ ਸਿੰਘ ਤੋਂ ਇਲਾਵਾ ਸਿਹਤ, ਬਾਲ ਸੁਰੱਖਿਆ ਅਤੇ ਪੁਲਿਸ ਵਿਭਾਗ ਆਦਿ ਹਾਜ਼ਰ ਸਨ।

ਇਸ ਬਾਰੇ ਜਦੋਂ ਕੁੱਝ ਬੁੱਧੀਜੀਵੀ ਵਰਗ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਜਿਹੜੀ ਕਾਰਵਾਈ ਪ੍ਰਸ਼ਾਸ਼ਨ ਵੱਲੋਂ ਨਿਰੰਤਰ ਕੀਤੀ ਜਾਣੀ ਚਾਹੀਦੀ ਹੈ,ਕਦੇ ਕਦਾਈਂ ਇਸ ਤਰਾਂ ਦੀ ਮੁਹਿੰਮ ਚਲਾ ਕੇ ਪ੍ਰਸ਼ਾਸ਼ਨ ਆਪਣੀ ਪਿੱਠ ਆਪੇ ਹੀ ਥਾਪੜ ਲੈਂਦਾ ਹੈ। ਉਹਨਾਂ ਕਿਹਾ ਕਿ ਜੇਕਰ ਜ਼ਿਲੇ ਅੰਦਰ ਸ਼ਹਿਰੋਂ ਬਾਹਰ ਬਾਰ ਚਲਦੇ ਢਾਬਿਆਂ ਦੀ ਚੈਕਿੰਗ ਕੀਤੀ ਜਾਵੇ ਤਾਂ ਕਈ ਢਾਬਿਆਂ ਵਾਲੇ ਅੱਜ ਵੀ ਛੋਟੇ ਬੱਚਿਆਂ ਤੋਂ ਮਜ਼ਦੂਰੀ ਕਰਵਾਉਂਦੇ ਮਿਲ ਸਕਦੇ ਹਨ।

## ਕਲਮਾਂ ਦਾ ਕਾਫ਼ਲਾ ਮੰਚ ਵੱਲੋਂ ਮਹੀਨਾਵਾਰ ਆਨ ਲਾਈਨ ਕਵੀ ਦਰਬਾਰ ਪ੍ਰੋਗਰਾਮ ਕਰਵਾਇਆ ਗਿਆ।

### ਅੰਤਰ ਰਾਸ਼ਟਰੀ ਫੇਸਬੁੱਕ ਮੰਚ ਕਲਮਾਂ ਦਾ ਕਾਫ਼ਲਾ ਦੇ ਪ੍ਰਬੰਧਕ



ਵਰਲਡ ਪੰਜਾਬੀ ਟਾਈਮਜ਼ ਰਣਬੀਰ ਸਿੰਘ ਪ੍ਰਿੰਸ

ਮੈਡਮ ਗੁਰਜੀਤ ਕੌਰ ਅਜਨਾਲਾ ਜੀ ਦੇ ਸਹਿਯੋਗ ਨਾਲ਼ ਹਰ ਸੋਮਵਾਰ ਹੋਣ ਵਾਲ਼ਾ ਮਹੀਨਾਵਾਰ ਆਨ ਲਾਈਨ ਕਵੀ ਦਰਬਾਰ ਕਰਵਾਇਆ ਗਿਆ ਜਿਸ ਦਾ ਸੰਚਾਲਨ ਸ ਰਣਬੀਰ ਸਿੰਘ ਪ੍ਰਿੰਸ ਆਫ਼ਿਸਰ ਕਾਲੋਨੀ ਸੰਗਰੂਰ ਜੀ ਦੁਆਰਾ ਕੀਤਾ ਗਿਆ ਅਤੇ ਇਸ ਵਿੱਚ ਕਵੀ ਸਾਹਿਬਾਨਾਂ ਨੇ ਭਾਗ ਲਿਆ। ਜਿਵੇਂ ਪਰਗਟ ਸਿੰਘ ਰੰਧਾਵਾ ਆਸਟ੍ਰੇਲੀਆ, ਕੁਲਦੀਪ ਸਿੰਘ ਦੀਪ, ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ, ਜੱਸੀ ਧਰੌੜ ਸਾਹਨੇਵਾਲ, ਹਰਜੀਤ ਸਿੰਘ ਦੇਸੂ ਮਲਕਾਣਾ, ਕੁਲਭੂਸ਼ਨ ਸਲੋਤਰਾ ਕਾਦੀਆਂ, ਜਸਵੀਰ ਸਿੰਘ ਕਲਿਆਣ,ਮੈਡਮ ਪੋਲੀ ਬਰਾੜ ਯੂ ਐੱਸ ਏ ,ਪਰਵੀਨ ਕੌਰ ਸਿੱਧੂ ਬਟਾਲਾ, ਚਰਨਜੀਤ ਕੌਰ ਤਰਨ ਤਾਰਨ ਸੁਖਵਿੰਦਰ ਕੌਰ ਮਣਕੂ ਜੀ ਨੇ ਆਪਣੀਆਂ ਰਚਨਾਵਾਂ ਰਾਹੀਂ ਮਹਿਫ਼ਲ ਨੂੰ ਚਾਰ ਚੰਨ ਲਗਾਏ। ਅੰਤ ਵਿੱਚ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਅਤੇ ਰਣਬੀਰ ਸਿੰਘ ਪ੍ਰਿੰਸ ਆਫ਼ਿਸਰ ਕਾਲੋਨੀ ਸੰਗਰੂਰ ਤੇ ਮੰਚ ਕਲਮਾਂ ਦਾ ਕਾਫ਼ਲਾ ਵੱਲੋਂ ਸਾਰੇ ਭਾਗ ਲੈਣ ਵਾਲੇ ਕਵੀ ਸਾਹਿਬਾਨਾਂ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

## ਵਕਤ ਦੀ ਨਜ਼ਾਕਤ

ਵਰਲਡ ਪੰਜਾਬੀ ਟਾਈਮਜ਼ ਲੈਕਚਰਾਰ ਦਵਿੰਦਰ ਪਾਲ ਬਾਤਿਸ਼

ਰੋੜੇ ਮਾਰ-ਮਾਰ ਝਾੜ੍ਹਦੇ ਸੀ ਅੰਬੀਆਂ ਕੱਚੀਆਂ,
ਇੱਲਤਾਂ ਦੇਖ ਮਾਪਿਆਂ ਦੀਆਂ ਰੂਹਾਂ ਮੱਚੀਆਂ।
ਇੱਧਰ ਉੱਧਰ ਦੀਆਂ ਮਾਰਦੇ ਹੁੰਦੇ ਸੀ ਗੱਪਾਂ,
ਗੱਲਾਂ ਕਰਦੇ ਸਨ ਝੂਠੀਆਂ ਅਤੇ ਸੱਚੀਆਂ।
ਸਾਂਝੀਆਂ ਸਨ ਸਾਰਿਆਂ ਦੀਆਂ ਧੀਆਂ ਭੈਣਾਂ,
ਬਦਫੈਲੀ ਹੁੰਦੀ ਨਹੀਂ ਸੀ ਕਦੇ ਨਾਲ਼ ਬੱਚੀਆਂ।
ਮਾਨਵਤਾ ਹੀ ਲੋਕਾਂ ਦਾ ਵੱਡਾ ਧਰਮ ਹੁੰਦਾ ਸੀ,
ਖ਼ੁਸ਼ੀ ਦੇ ਮਾਹੌਲ ਵਿੱਚ ਖੁਸ਼ੀਆਂ ਸਨ ਨੱਚੀਆਂ।
ਗੱਭਰੂਆਂ ਵਾਲ਼ੇ ਹੁੰਦੇ ਸਨ ਵੱਖਰੇ ਜਿਹੇ ਠਾਠ,
ਅੱਲ੍ਹੜ ਮੁਟਿਆਰਾਂ ਬਣ-ਠਣ ਕੇ ਸੀ ਜੱਚੀਆਂ।
'ਦੇਵ' ਮਾਂ-ਬਾਪ ਨੂੰ ਵੱਡਾ ਫ਼ਿਕਰ ਸੀ ਸਤਾਉਂਦਾ,
ਵਿਆਹ ਲਈ ਜਦੋਂ ਉਮਰ ਟੱਪਦੀ ਸੀ ਪੱਚੀਆਂ।

## ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਿਲ ਸ਼ੁੱਧ 31 ਰਾਗਾਂ ਤੇ ਆਧਾਰਿਤ ਸਚਿੱਤਰ ਪੋਥੀ ਰਾਗ ਰਤਨ ਸੰਗਤ ਅਰਪਨ

ਲੁਧਿਆਣਾ: 5 ਦਸੰਬਰ : ਮਾਨਵ ਦੇ ਅੰਦਰੂਨੀ ਵਿਕਾਸ ਲਈ ਗੁਰਬਾਣੀ ਸਿਖ਼ਰ ਚੋਟੀ ਹੈ ਜੋ ਸਾਡੇ ਲਈ ਕਦਮ ਕਦਮ ਤੇ ਰਾਹ ਦਿਸੇਰਾ ਬਣਦੀ ਹੈ।

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਸਿੰਘ ਗਿੱਲ




ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਤੋਂ ਪਹਿਲੇ ਮਹਾਨ ਦਰਵੇਸ਼ਾਂ,ਚਿੰਤਕਾਂ ਤੇ ਯੁਗ ਪਲਟਾਊ ਸੋਚ ਧਾਰਾ ਦੇ ਸੰਤਾਂ ਤੇ ਭਗਤ ਲੋਕਾਂ ਦੀ ਬਾਣੀ ਅਤੇ ਮਗਰੋਂ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਸਮੇਤ ਇਹ ਖ਼ਜ਼ਾਨਾ ਜਿਵੇਂ ਸ਼੍ਰੀ ਗੁਰੂ ਅਰਜਨ ਦੇਵ ਜੀ ਤੀਕ ਪੁੱਜਾ, ਉਸਨੂੰ ਹੀ "ਪੋਥੀ ਪਰਮੇਸ਼ਰ ਦਾ ਥਾਨ" ਤੀਕ ਪਹੁੰਚਾਉਣ ਦਾ ਸ਼ੁਭ ਕਾਰਜ ਗੁਰੂ ਪੰਚਮ ਪਾਤਸ਼ਾਹ ਨੇ ਕੀਤਾ।
ਉਨ੍ਹਾਂ ਇਹ ਸਦੀਵ -ਕਾਲੀ ਨੇਕ ਕਾਰਜ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਸੰਪੂਰਨ ਕੀਤਾ।
ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਹਰ ਸ਼ਬਦ ਨੂੰ ਗਾਇਨ ਕਰਨ ਲਈ ਨਾਲੋ- ਨਾਲ ਰਾਗ ਪ੍ਰਬੰਧ ਵੀ ਲਿਖਤੀ ਰੂਪ ਵਿੱਚ ਅੰਕਿਤ ਕਰ ਦਿੱਤਾ।
ਇਹੀ ਰਾਗ ਪ੍ਰਬੰਧ ਲੰਮਾ ਸਮਾਂ ਸਾਡੇ ਗੁਰੂ ਘਰਾਂ ਵਿੱਚ ਰਾਗੀਆਂ ਰਬਾਬੀਆਂ ਰਾਹੀ ਸਾਡੇ ਸਾਹਾਂ ਸਵਾਸਾਂ ਨੂੰ ਤਰੰਗਿਤ ਕਰਦਾ ਰਿਹਾ।
ਟਕਸਾਲੀ ਰਾਗਾਂ ਦੇ ਪਰਬੀਨ ਰਾਗੀ ਸਾਹਿਬਾਨ ਲੰਮਾਂ ਸਮਾਂ ਸਮੁੱਚੇ ਵਿਸ਼ਵ ਵਿੱਚ ਵੱਸਦੇ ਗੁਰੂ ਸ਼ਬਦ ਅਭਿਲਾਖੀਆਂ ਦੀ ਰੂਹ ਨੂੰ ਤ੍ਰਿਪਤ ਕਰਦੇ ਰਹੇ।
ਦੇਸ਼ ਵੰਡ ਮਗਰੋਂ 1947 'ਚ ਸਾਰਾ ਕੁਝ ਹੀ ਉੱਥਲ-ਪੁੱਥਲ ਹੋ ਗਿਆ। ਰਬਾਬੀ ਪਰੰਪਰਾ ਦੇ ਬਹੁਤੇ ਗਿਆਤਾ ਰਾਵੀ ਪਾਰ ਚਲੇ ਗਏ।
ਪਿੱਛੇ ਰਹਿ ਗਏ ਗੁਰਬਾਣੀ ਸੰਗੀਤ ਦੇ ਗੂੜ੍ਹ ਗਿਆਤਾ ਉਦਾਸੀਨ ਹੋ ਗਏ ਕਿਉਂਕਿ ਕਲਾ ਸ਼ਨਾਸ ਲੋਕ ਮੁੜ ਵਸੇਬੇ ਦੇ ਫ਼ਿਕਰ ਵਿੱਚ ਦਰ ਦਰ ਭਟਕ ਰਹੇ ਸਨ।
ਪਰ ਸੂਝ ਹਮੇਸ਼ਾਂ ਲਿਆਕਤ ਸਾਂਭ ਲੈਂਦੀ ਹੈ ਬੀਤੇ ਦੇ ਮਾਣਕ ਮੋਤੀ। ਸੁਰ -ਸਾਧਕਾਂ ਨੇ ਸੰਤ ਬਾਬਾ ਸੁੱਚਾ ਸਿੰਘ ਜੀ (ਜਵੱਦੀ ਟਕਸਾਲ, ਲੁਧਿਆਣਾ) ਵਾਲਿਆਂ ਦੀ ਅਗਵਾਈ ਤੇ ਪ੍ਰੇਰਨਾ ਨਾਲ ਸਿਰ ਜੋੜਿਆ।ਉਨ੍ਹਾਂ ਨਾਲ ਬੀਬੀ ਜਸਬੀਰ ਕੌਰ, ਪੰਡਿਤ ਦਲੀਪ ਚੰਦਰ ਬੇਦੀ,ਸੰਗੀਤ ਮਾਰਤੰਡ ਉਸਤਾਦ ਜਸਵੰਤ ਸਿੰਘ ਭੰਵਰਾ, ਪ੍ਰੋ: ਕਰਤਾਰ ਸਿੰਘ, ਭਾਈ ਬਲਬੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ,ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ , ਡਾ: ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਅਤੇ ਹੋਰ ਗੁਣੀ ਜਨ ਮਿਲ ਗਏ।



ਸੰਤ ਬਾਬਾ ਸੁੱਚਾ ਸਿੰਘ ਜੀ ਦੀ ਦੇਖ ਰੇਖ ਹੇਠ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991 ਵਿਚ ਕਰਵਾਇਆ ਗਿਆ ਅਤੇ ਇਸ ਦੀ ਆਡਿਓ , ਵੀਡੀਉ ਰੀਕਾਰਡਿੰਗ ਵੀ ਕੀਤੀ ਗਈ।
ਜਦ ਕਿਸੇ ਵੀ ਵਪਾਰਕ ਕੰਪਨੀ ਨੇ ਇਸ ਰੀਕਾਰਡਿੰਗ ਰਿਲੀਜ਼ ਕਰਨਾ ਪ੍ਰਵਾਨ ਨਾ ਕੀਤਾ ਤਾਂ "ਵਿਸਮਾਦ ਨਾਦ"ਕੰਪਨੀ ਨਾਮ ਰੱਖ ਕੇ ਆਪ ਹੀ ਇਸ ਨੂੰ ਕਦਰਦਾਨਾਂ ਤੀਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ। ਮੈਨੂੰ ਇਹ ਮਾਣ ਮਿਲਿਆ ਕਿ ਮੇਰਾ ਸੁਝਾਇਆ "ਵਿਸਮਾਦ ਨਾਦ"ਨਾਮ ਸੰਗਤਾਂ ਨੇ ਜੈਕਾਰਾ ਬੁਲਾ ਕੇ ਬਾਬਾ ਸੁੱਚਾ ਸਿੰਘ ਜੀ ਦੀ ਹਾਜ਼ਰੀ ਵਿੱਚ ਪ੍ਰਵਾਨ ਕੀਤਾ।
ਇਨ੍ਹਾਂ 16 ਕੈਸਿਟਸ ਵਿੱਚ ਸ਼ਾਮਿਲ ਸ਼ੁੱਧ ਇਕੱਤੀ ਰਾਗਾਂ ਦੀ ਜਾਣ ਪਛਾਣ ਸੰਗੀਤ ਮਾਰਤੰਡ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਨੇ ਰੀਕਾਰਡ ਕਰਵਾਈ।
ਮੁੱਢਲੇ ਯਤਨ ਸੱਚੇ-ਸੁੱਚੇ ਹੋਣ ਕਾਰਨ ਬਰਕਤ ਪਈ ਅਤੇ 16 ਕੈਸਿਟਸ ਦਾ ਸੈੱਟ ਹੱਥੋ ਹੱਥੀ ਘਰੋ ਘਰੀ ਪੁੱਜ ਗਿਆ। 16 ਕੈਸਿਟਸ ਦੇ ਇਸ ਸੈੱਟ ਨੂੰ ਕਾਫ਼ਲੇ ਦੀ ਸ਼ਕਲ 'ਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਸੰਤ ਬਾਬਾ ਸੁੱਚਾ ਸਿੰਘ ਜੀ, ਉਸਤਾਦ ਜਸਵੰਤ ਭੰਵਰਾ, ਪ੍ਰੋ: ਕਰਤਾਰ ਸਿੰਘ ਤੇ ਹੋਰ ਮਹੱਤਵਪੂਰਨ ਸਹਿਯੋਗੀਆਂ ਦੀ ਹਾਜ਼ਰੀ 'ਚ ਮੇਰੇ ਸਮੇਤ ਮੱਥਾ ਟੇਕਿਆ।
ਮੈਂ ਵੀ ਰਿਸ਼ਤੇਦਾਰਾਂ, ਸੱਜਣਾਂ ਪਿਆਰਿਆਂ ਨੂੰ ਇੰਨ੍ਹਾਂ ਕੈਸਿਟਸ ਦੇ ਸੈੱਟ ਵਿਕਰੀ ਹਿਤ ਵੰਡੇ। ਇੱਕ ਸੈੱਟ ਵੀਰ ਤੇਜ ਪ੍ਰਤਾਪ ਸਿੰਘ ਸੰਧੂ ਪਰਿਵਾਰ ਨੂੰ ਸੌਂਪਿਆ, ਉਸੇ ਦਾ ਹੀ ਪ੍ਰਤਾਪ ਹੈ ਕਿ ਸਚਿੱਤਰ ਪੁਸਤਕ 'ਰਾਗ ਰਤਨ' ਦੀ ਸਿਰਜਣਾ ਹੋਈ।
ਸੰਤ ਬਾਬਾ ਸੁੱਚਾ ਸਿੰਘ ਜੀ ਤਾਂ 27 ਅਗਸਤ 2002 ਨੂੰ ਗੁਰਪੁਰੀ ਪਿਆਨਾ ਕਰ ਗਏ ਪਰ ਸਾਨੂੰ ਸਾਨੂੰ ਅਨਮੋਲ ਪੂੰਜੀ ਸੰਭਾਲਣ ਦਾ ਫ਼ਰਜ਼ ਨਿਭਾਉਣਾ ਕਹਿ ਗਏ।
ਸ: ਤੇਜ ਪਰਤਾਪ ਸਿੰਘ ਸੰਧੂ ਨੇ ਇਹ ਵਡਮੁੱਲੀ ਵਿਰਾਸਤ ਆਪਣੇ ਸਾਹੀਂ ਸਵਾਸੀਂ ਰਮਾ ਕੇ ਇਸ ਦਾ ਦ੍ਰਿਸ਼ ਚਿਤਰ ਮਨ ਵਿੱਚ ਚਿਤਰਿਆ। ਸ਼੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਕਈ ਕਈ ਦਿਨ ਤੇ ਰਾਤਾਂ ਗੁਜ਼ਾਰ ਕੇ ਵਰ੍ਹਿਆਂ ਬੱਧੀ ਕਠਿਨ ਤਪੱਸਿਆ ਉਪਰੰਤ ਇਨ੍ਹਾਂ ਤਸਵੀਰਾਂ ਦਾ ਚਿਤਵਨ ਹੋਇਆ। ਸੈਂਕੜੇ ਤਸਵੀਰਾਂ ਵਿੱਚੋਂ ਸਰਵੋਤਮ ਤਸਵੀਰਾਂ ਚੁਣ ਕੇ 'ਰਾਗ ਰਤਨ' ਪੋਥੀ ਦੇ ਰੂਪ ਵਿਚ ਇਹ ਰੂਪ ਨਿੱਖਰਿਆ ਸਰਬਕਾਲ ਵਾਸਤੇ।
ਇਸ ਪੋਥੀ ਦਾ ਪਹਿਲਾ ਸੰਸਕਰਨ ਕੁਝ ਸਮਾਂ ਪਹਿਲਾਂ ਛਪਿਆ ਸੀ। ਇਸ ਦਾ ਅੰਗਰੇਜ਼ੀ ਸੰਸਕਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2017 ਵਿੱਚ ਪ੍ਰਕਾਸ਼ਿਤ ਕੀਤਾ ਸੀ। ਉਦੋਂ ਦੇ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਜੀ ਦੀ ਹਿੰਮਤ ਤੇ ਡਾ: ਗੁਰਨਾਮ ਸਿੰਘ ਦੀ ਨਿਰੰਤਰ ਦੇਖ ਰੇਖ ਸਦਕਾ ਇਹ ਪੋਥੀ ਛਪ ਕੇ ਹੱਥੋ ਹੱਥੀ ਦੇਸ਼ ਬਦੇਸ਼ ਦੇ ਕਦਰਦਾਨਾਂ ਤੀਕ ਪੁੱਜੀ।
ਹੁਣ ਜਵੱਦੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਦੀ ਦੂਰਦ੍ਰਿਸ਼ਟੀ ਸਦਕਾ ਇਸ ਪੁਸਤਕ ਦਾ ਦੂਸਰਾ ਸੰਸਕਰਨ ਪਾਠਕਾਂ ਅਤੇ ਗਿਆਨ ਅਭਿਲਾਖੀਆਂ ਲਈ ਪੇਸ਼ ਕੀਤਾ ਗਿਆ ਹੈ।
ਮੈਂ ਨਤਮਸਤਕ ਹਾਂ ਉਸ ਪਵਿੱਤਰ ਵਿਰਾਸਤੀ ਕਾਫ਼ਲੇ ਨੂੰ ,ਜਿਸ ਨੇ 'ਰਾਗ ਰਤਨ ' ਪੁਸਤਕ ਦੇ ਵਰਤਮਾਨ ਸਰੂਪ ਤੀਕ ਪੁੱਜਣ ਦਾ ਪੈਂਡਾ ਕੀਤਾ।
ਸਦੀਵ -ਕਾਲੀ ਮਹੱਤਵ ਵਾਲੀ ਇਸ ਮਹਾਨ ਪੇਸ਼ਕਸ਼ ਦਾ ਭਰਪੂਰ ਸੁਆਗਤ ਹੈ।
ਇਸ ਪੋਥੀ ਨੂੰ ਜਵੱਦੀ ਟਕਸਾਲ ਜਵੱਦੀ ਕਲਾਂ(ਲੁਧਿਆਣਾ) ਵਿਖੇ 4ਦਸੰਬਰ ਦੁਪਹਿਰੇ ਡਾ: ਸ ਸ ਜੌਹਲ, ਅਨੁਰਾਗ ਸਿੰਘ, ਰਣਜੋਧ ਸਿੰਘ, ਸੰਤ ਅਮੀਰ ਸਿੰਘ ਤੇ ਸਾਥੀਆਂ ਨੇ ਸੰਗਤ ਅਰਪਨ ਕਰ ਦਿੱਤਾ ਹੈ। 7,8,9 ਤੇ 10 ਦਸੰਬਰ ਨੂੰ ਜਵੱਦੀ ਟਕਸਾਲ ਵਿਖੇ ਇਹ ਪੁਸਤਕ ਦਫ਼ਤਰ ਵਿੱਚੋਂ ਬੇਨਤੀ ਉਪਰੰਤ ਮਿਲ ਸਕੇਗੀ। ਇਸ ਵੱਡ ਆਕਾਰੀ ਸੁਚਿੱਤਰ ਪੁਸਤਕ ਦੀ ਕੀਮਤ ਨਹੀਂ ਰੱਖੀ ਗਈ ਪਰ ਕਦਰਦਾਨਾਂ ਤੇ ਸੰਸਥਾਵਾਂ ਨੂੰ ਜ਼ਰੂਰ ਭੇਂਟ ਕੀਤੀ ਜਾਵੇਗੀ।

## ਵੈਨਕੂਵਰ ਦੇ ਲੇਖਕਾਂ ਵੱਲੋਂ ਨਾਮਵਰ ਸ਼ਾਇਰ ਗੁਰਚਰਨ ਗਿੱਲ ਮਨਸੂਰ ਦੀ ਜ਼ਿੰਦਗੀ ਦਾ ਜਸ਼ਨ ਮਨਾਇਆ



ਸਰੀ, 5 ਦਸੰਬਰ : ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਅਤੇ ਉਰਦੂ ਦੇ ਨਾਮਵਰ ਸ਼ਾਇਰ, ਬਹੁਤ ਹੀ ਨੇਕ ਦਿਲ ਇਨਸਾਨ ਅਤੇ ਉੱਚੀ ਸੁੱਚੀ ਸ਼ਖਸ਼ੀਅਤ ਦੇ ਮਾਲਕ ਗੁਰਚਰਨ ਸਿੰਘ ਗਿੱਲ ਮਨਸੂਰ ਦੀ ਜ਼ਿੰਦਗੀ ਦਾ ਜਸ਼ਨ ਮਨਾਉਣ ਲਈ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਵਿਚਾਰ ਮੰਚ ਵੱਲੋਂ ਵਿਸ਼ੇਸ਼ ਪ੍ਰੋਗਰਾਮ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੈਨਕੂਵਰ ਇਲਾਕੇ ਦੀਆਂ ਬਹੁਤ ਸਾਰੀਆਂ ਸਾਹਿਤਿਕ ਸ਼ਖਸ਼ੀਅਤਾਂ ਸ਼ਾਮਿਲ ਅਤੇ ਗਿੱਲ ਮਨਸੂਰ ਦੇ ਪਰਿਵਾਰਕ ਮੈਂਬਰਾਂ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਸਭਨਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਅਸੀਂ ਜਿੱਥੇ ਗਿੱਲ ਮਨਸੂਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ, ਉੱਥੇ ਉਹਨਾਂ ਦੇ ਸਾਢੇ 98 ਸਾਲ ਦੇ ਜੀਵਨ ਦਾ ਜਸ਼ਨ ਵੀ ਮਨਾ ਰਹੇ ਹਾਂ। ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਅਤੇ ਏਸੇ ਕਰਕੇ ਅਸੀਂ ਉਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਯਾਦ ਕਰਨ ਦਾ ਇਹ ਪ੍ਰੋਗਰਾਮ ਉਲੀਕਿਆ ਹੈ। ਉਹਨਾਂ ਕੋਲੋਂ ਅਸੀਂ ਜੀਵਨ ਜਿਉਣਾ ਸਿੱਖਿਆ ਹੈ। ਪ੍ਰੋਗਰਾਮ ਦੇ ਮੁੱਖ ਬੁਲਾਰੇ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਗਿੱਲ ਮਨਸੂਰ ਹੋਰਾਂ ਨਾਲ ਆਪਣੀ 50 ਸਾਲਾਂ ਤੋਂ ਵੀ ਵਧੇਰੇ ਦੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਮਟਕਵੀਂ ਤੋਰ, ਰਹਿਣ ਸਹਿਣ ਅਤੇ ਸਮਾਜ ਵਿਚ ਵਿਚਰਨ ਦੇ ਖ਼ੂਬਸੂਰਤ ਸੁਹਜ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਉਹ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਅਧਿਆਪਕ ਅਤੇ ਖੇਡ-ਕੋਚ ਸਨ। ਸ. ਸੇਖਾ ਨੇ ਉਨ੍ਹਾਂ ਦੀ ਉਰਦੂ ਅਤੇ ਪੰਜਾਬੀ ਵਿਚ ਮੋਤੀਆਂ ਵਰਗੀ ਖੁਸ਼ਖ਼ਤ ਲਿਖਾਈ ਬਾਰੇ ਦੱਸਿਆ ਅਤੇ ਉਨ੍ਹਾਂ ਦੀ ਤਿੰਨ ਕਿਤਾਬਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪ੍ਰਸਿੱਧ ਸ਼ਾਇਰ ਰਾਜਵੰਤ ਰਾਜ ਨੇ ਗਿੱਲ ਮਨਸੂਰ ਨੂੰ ਯਾਦ ਕਰਦਿਆਂ ਕਿਹਾ ਕਿ ਗਿੱਲ ਮਨਸੂਰ ਅਤੇ ਜੀਵਨ ਰਾਮਪੁਰੀ ਦੀ ਜੋੜੀ ਹੰਸਾਂ ਦੀ ਜੋੜੀ ਸੀ ਜਿਨ੍ਹਾਂ ਦੀ ਆਮਦ ਨਾਲ ਹਰ ਸਾਹਿਤਕ ਮਹਿਫ਼ਿਲ ਖਿੜ ਉੱਠਦੀ ਸੀ। ਜਦੋਂ ਤੋਂ ਉਹ ਬੀਮਾਰ ਹੋਏ ਸਨ ਉਦੋਂ ਤੋਂ ਕਾਵਿ ਮਹਿਫ਼ਿਲਾਂ ਵਿਚ ਓਨਾ ਰਸ ਨਹੀਂ ਸੀ ਰਿਹਾ। ਉਨ੍ਹਾਂ ਦੇ ਚਲੇ ਜਾਣ ਨਾਲ ਸਰੀ ਦੇ ਸਾਹਿਤ ਹਲਕਿਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਨਾਮਵਰ ਗ਼ਜ਼ਲਗੋ ਜਸਵਿੰਦਰ ਨੇ ਕਿਹਾ ਕਿ ਜਿਸ ਇਨਸਾਨ ਦੀ ਵਿਦਾਇਗੀ ਰੁਦਨ ਦੀ ਬਜਾਏ ਜਸ਼ਨ ਨਾਲ ਹੋਵੇ, ਉਹਨੂੰ ਮੌਤ ਵੀ ਨਹੀਂ ਮਾਰ ਸਕਦੀ। ਮਨਸੂਰ ਸਾਹਿਬ ਹਮੇਸ਼ਾ ਸਾਡੇ ਦਰਮਿਆਨ ਹਾਜ਼ਿਰ ਰਹਿਣਗੇ। ਮਹਿਫਲਾਂ ਵਿਚ ਜਦੋਂ ਕਿਸੇ ਚੰਗੇ ਸ਼ਿਅਰ ਨੂੰ ਦਾਦ ਮਿਲੇਗੀ ਤਾਂ ਸਭ ਤੋਂ ਭਰਵੀਂ ਅਦਿੱਖ ਆਵਾਜ਼ ਮਨਸੂਰ ਸਾਹਿਬ ਦੀ ਹੋਵੇਗੀ, ਜੋ ਸਾਨੂੰ ਸਭ ਨੂੰ ਮਹਿਸੂਸ ਹੋਏਗੀ।

ਮਰਹੂਮ ਗਿੱਲ ਮਨਸੂਰ ਦੇ ਸ਼ਾਇਰ ਬੇਟੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਕਿਹਾ ਕਿ ਉਹਨਾਂ ਦੀ ਜ਼ਿੰਦਗੀ ਦੀ ਤੁਲਨਾ ਜੇ ਇੱਕ ਕਿਤਾਬ ਦੇ ਨਾਲ ਕਰੀਏ ਤਾਂ ਉਹ ਸਾਢੇ 98 ਸਫਿਆਂ ਵਾਲੀ ਕਿਤਾਬ ਹੈ ਜਿਸ ਦੇ ਇੱਕ ਇੱਕ ਸਫੇ ਅੰਦਰ ਕਈ ਹਜ਼ਾਰ ਸਫੇ ਛੁਪੇ ਹੋਏ ਹਨ। ਉਸ ਕਿਤਾਬ ਦੀ ਖ਼ੂਬਸੂਰਤੀ ਹੈ ਕਿ ਤੁਸੀਂ ਉਸ ਨੂੰ ਵਾਰ ਵਾਰ ਪੜ੍ਹ ਸਕਦੇ ਹੋ ਤੇ ਉਸ ਤੋਂ ਬਹੁਤ ਕੁਝ ਸਿੱਖ ਸਕਦੇ ਹੋ। ਇਹ ਕਿਤਾਬ ਕਈ ਵਾਰੀ ਪੜ੍ਹੀ ਜਾ ਸਕਦੀ ਪਰ ਉਸ ਕਿਤਾਬ ਦੀ ਇੱਕੋ ਹੀ ਗੱਲ ਮਾੜੀ ਹੈ ਕਿ ਅਖੀਰ 'ਤੇ ਹੀਰੋ ਨਹੀਂ ਰਹਿੰਦਾ। ਇਹ ਕਿਤਾਬ ਕਦੇ ਵੀ ਖਤਮ ਨਹੀਂ ਹੁੰਦੀ, ਤੁਸੀਂ ਜਦੋਂ ਮਰਜ਼ੀ ਚੁੱਕ ਕੇ ਪੜ੍ਹ ਸਕਦੇ ਹੋ। ਉਨ੍ਹਾਂ ਮਨਸੂਰ ਸਾਹਿਬ ਦੀ ਜ਼ਿੰਦਗੀ ਦਾ ਜਸ਼ਨ ਮਨਾਉਣ ਲਈ ਗ਼ਜ਼ਲ ਮੰਚ ਸਰੀ ਅਤੇ ਵੈਨਕੂਵਰ ਵਿਚਾਰ ਮੰਚ ਦਾ ਸ਼ੁਕਰਾਨਾ ਕੀਤਾ।

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਮਨਸੂਰ ਗਿੱਲ ਦੀ ਬੇਟੀ ਕਮਲ ਥਿੰਦ ਅਤੇ ਦੋਹਤੀ ਤਰੰਨਮ ਥਿੰਦ ਨੇ ਕਿਹਾ ਕਿ ਸਾਨੂੰ ਮਨਸੂਰ ਹੋਰਾਂ ਦੇ ਪਰਿਵਾਰ ਦੀਆਂ ਬੇਟੀਆਂ ਹੋਣ 'ਤੇ ਬਹੱਦ ਫ਼ਖ਼ਰ ਹੈ। ਤਰੰਨਮ ਨੇ ਕਿਹਾ ਕਿ ਅੱਜ ਦੇ ਯੁਗ ਵਿਚ ਜਿੱਥੇ ਹਰ ਇਨਸਾਨ ਤੁਹਾਡੇ ਪਹਿਰਾਵੇ, ਤੁਹਾਡੇ ਸੋਸ਼ਲ ਸਟੇਟਸ ਨੂੰ ਦੇਖ ਕੇ ਤੁਹਾਡੇ ਬਾਰੇ ਆਪਣੀ ਰਾਇ ਬਣਾਉਂਦਾ ਹੈ ਕਿ ਤੁਸੀਂ ਕਿਹੜੇ ਧਰਮ, ਮਜ਼ਹਬ, ਜਾਤ ਨਾਲ ਸੰਬੰਧਤ ਹੋ ਪਰ ਗਿੱਲ ਮਨਸੂਰ ਹੋਰਾਂ ਨੇ ਕਦੇ ਵੀ ਕਿਸੇ ਬਾਰੇ ਇਸ ਤਰ੍ਹਾਂ ਨਹੀਂ ਸੀ ਸੋਚਿਆ। ਉਹਨਾਂ ਵਾਸਤੇ ਸਾਰੇ ਹੀ ਬਰਾਬਰ ਸਨ ਅਤੇ ਉਹ ਹਮੇਸ਼ਾ ਕਹਿੰਦੇ ਸਨ 'ਆਈ ਲਵ ਯੂ ਆਲ'।

ਗਿੱਲ ਮਨਸੂਰ ਨੂੰ ਯਾਦ ਕਰਦਿਆਂ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਹਿੰਦੀ ਸਾਹਿਤਕਾਰ ਸ਼੍ਰੀਨਾਥ ਪ੍ਰਸਾਦ ਦਿਵੇਦੀ, ਉਸਤਾਦ ਗਜ਼ਲਗੋ ਕ੍ਰਿਸ਼ਨ ਭਨੋਟ, ਅੰਗਰੇਜ਼ ਬਰਾੜ, ਪਰਮਿੰਦਰ ਕੌਰ ਸਵੈਚ, ਸੁਖਜੀਤ ਕੌਰ, ਇੰਦਰਜੀਤ ਧਾਮੀ, ਨਰਿੰਦਰ ਬਾਹੀਆ, ਕਵਿੰਦਰ ਚਾਂਦ, ਪ੍ਰੀਤ ਮਨਪ੍ਰੀਤ, ਗੁਰਦੀਪ ਭੁੱਲਰ, ਮਹਿੰਦਰਪਾਲ ਸਿੰਘ ਪਾਲ, ਗੁਰਮੀਤ ਸਿੱਧੂ, ਅਮਰੀਕ ਪਲਾਹੀ, ਹਰਦਮ ਸਿੰਘ ਮਾਨ ਅਤੇ ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਉਹ ਜ਼ਿੰਦਗੀ ਦਾ ਜੋ ਸੁਹਜ, ਜ਼ਿੰਦਗੀ ਦੀ ਸਮਝ ਸਾਨੂੰ ਦੇ ਕੇ ਗਏ ਹਨ ਉਸ ਨੂੰ ਅਪਨਾ ਕੇ, ਉਸ ਉਪਰ ਚੱਲ ਕੇ ਅਸੀਂ ਆਪਣੇ ਆਲੇ ਦੁਆਲੇ ਨੂੰ ਅਤੇ ਆਪਣੇ ਸਮਾਜ ਨੂੰ ਇਕ ਬਹੁਤ ਹੀ ਖੂਬਸੂਰਤ ਸਮਾਜ ਬਣਾ ਸਕਦੇ ਹਾਂ। ਅੰਤ ਵਿੱਚ ਵੈਨਕੂਵਰ ਵਿਚਾਰ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਸਭਨਾਂ ਸ਼ਖਸ਼ੀਅਤਾਂ ਦਾ ਅਤੇ ਵਿਸ਼ੇਸ਼ ਕਰਕੇ ਮਰਹੂਮ ਗਿੱਲ ਮਨਸੂਰ ਦੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ।